# ਬੱਚਿਆਂ ਲਈ ਸਮਰ ਫੂਡ ਪ੍ਰੋਗਰਾਮ (ਗਰਮੀਆਂ ਦੀ ਭੋਜਨ ਯੋਜਨਾ)!

*SUN Bucks* ਇੱਕ ਨਵੀਂ ਭੋਜਨ ਯੋਜਨਾ ਹੈ ਜੋ ਪਰਿਵਾਰਾਂ ਨੂੰ ਹਰੇਕ ਯੋਗ ਬੱਚੇ ਲਈ ਗ੍ਰੋਸਰੀ (ਕਰਿਆਨਾ) ਖਰੀਦਣ ਵਾਸਤੇ *$120* ਦਿੰਦੀ ਹੈ। ਜਿਹੜੇ ਬੱਚੇ *SUN Bucks* ਪ੍ਰਾਪਤ ਕਰਦੇ ਹਨ, ਉਹ ਹੋਰ ਭੋਜਨ ਯੋਜਨਾਵਾਂ ਜਿਵੇਂ *CalFresh* ਅਤੇ ਸਮਰ ਮੀਲ ਸਾਈਟਾਂ 'ਤੇ ਵੀ ਭੋਜਨ ਪ੍ਰਾਪਤ ਕਰ ਸਕਦੇ ਹਨ। ***SUN Bucks* ਸਾਰੇ ਯੋਗ ਬੱਚਿਆਂ ਲਈ ਹੈ, ਅਤੇ ਇਸ ਨਾਲ ਪ੍ਰਵਾਸ ਸਥਿਤੀ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ।**

## ਕੀ ਮੇਰਾ ਬੱਚਾ SUN BUCKS ਪ੍ਰਾਪਤ ਕਰ ਸਕਦਾ ਹੈ?

**ਤੁਹਾਡੇ ਬੱਚੇ ਨੂੰ SUN Bucks ਆਪਣੇ-ਆਪ ਹੀ ਮਿਲ ਜਾਵੇਗਾ, ਜੇਕਰ:**

- ਜੇਕਰ ਤੁਹਾਡੇ ਬੱਚੇ ਨੂੰ 2024-25 ਸਕੂਲ ਸਾਲ ਦੌਰਾਨ ਕਿਸੇ ਵੀ ਸਮੇਂ CalFresh ਜਾਂ CalWORKS ਮਿਲੀ ਹੋਵੇ।
- ਤੁਹਾਡੇ ਬੱਚੇ ਨੂੰ 2024-25 ਸਕੂਲ ਸਾਲ ਦੌਰਾਨ ਕਿਸੇ ਵੀ ਸਮੇਂ Medi-Cal ਪ੍ਰਾਪਤ ਹੋਈ ਸੀ ਅਤੇ ਤੁਹਾਡਾ ਪਰਿਵਾਰ ਨਿਮਨਲਿਖਤ ਆਮਦਨ ਸਬੰਧ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕਰਦਾ ਹੋਵੇ।
- ਤੁਹਾਡਾ ਬੱਚਾ ਬੇਘਰ ਹੋਵੇ, ਫੌਸਟਰ ਕੇਅਰ ਵਿੱਚ ਰਹਿੰਦਾ ਹੋਵੇ ਜਾਂ ਇੱਕ ਪ੍ਰਵਾਸੀ ਪਰਿਵਾਰ ਵਿੱਚ ਹੋਵੇ।
- ਤੁਸੀਂ ਆਪਣੇ ਬੱਚੇ ਲਈ ਸੰਘੀ ਮੁਫਤ ਜਾਂ ਘੱਟ-ਕੀਮਤ ਵਾਲੇ ਭੋਜਨ ਲਈ ਅਰਜ਼ੀ ਦਿੱਤੀ ਸੀ ਅਤੇ 2024-25 ਸਕੂਲ ਸਾਲ ਦੌਰਾਨ ਇਸਦੀ ਮੰਨਜ਼ੂਰੀ ਮਿਲ ਗਈ ਸੀ।

**ਯਕੀਨੀ ਬਣਾਉ ਕਿ ਤੁਹਾਡਾ ਡਾਕ ਪਤਾ ਤੁਹਾਡੀ ਕਾਉਂਟੀ ਨਾਲ ਅੱਪਡੇਟ ਕੀਤਾ ਹੋਵੇ, ਤਾਂ ਜੋ *SUN Bucks* ਨੂੰ ਸਹੀ ਜਗ੍ਹਾ 'ਤੇ ਭੇਜਿਆ ਜਾ ਸਕੇ!**

**ਤੁਹਾਡਾ ਬੱਚੇ ਨੂੰ SUN Bucks ਲਈ ਅਰਜ਼ੀ ਦੇਣ ਦੀ ਲੋੜ ਹੋ ਸਕਦੀ ਹੈ ਜੇਕਰ:**

- ਤੁਹਾਡੇ ਬੱਚੇ ਨੇ Community Eligibility Provision (CEP) ਜਾਂ Provision 2 school ਜਾਂ ਇੱਕ ਰਾਸ਼ਟਰੀ ਸਕੂਲ ਲੰਚ ਯੋਜਨਾ/ ਸਕੂਲ ਬ੍ਰੇਕਫਾਸਟ ਯੋਜਨਾ ਵਿੱਚ ਦਾਖਲਾ ਲਿਆ ਹੋਇਆ ਹੈ **ਅਤੇ** ਉਸਨੇ ਮੁਫਤ ਜਾਂ ਘੱਟ ਕੀਮਤ ਸਕੂਲ ਮੀਲ ਅਰਜ਼ੀ ਨੂੰ ਪੂਰਾ **ਨਹੀਂ** ਕੀਤਾ ਹੋਇਆ ਹੈ **ਅਤੇ** ਉਹ ਉਪਰੋਕਤ ਮਾਪਦੰਡ ਪੂਰੇ ਨਹੀਂ ਕਰਦਾ।

**ਸਤੰਬਰ *2, 2025* ਤੱਕ ਇੱਕ "ਯੂਨੀਵਰਸਲ ਬੈਨੀਫਿਟਸ ਐਪਲੀਕੇਸ਼ਨ (ਵਿਸ਼ਵਵਿਆਪੀ ਲਾਭ ਅਰਜ਼ੀ)" ਫਾਰਮ ਪੂਰਾ ਕਰੋ। ਇਸ ਫਾਰਮ ਨੂੰ ਭਰਨ ਅਤੇ ਜਮ੍ਹਾਂ ਕਰਵਾਉਣ ਬਾਰੇ ਜਾਣਕਾਰੀ ਲਈ ਆਪਣੇ ਸਕੂਲ ਨੂੰ ਪੁੱਛੋ।**

**ਤੁਹਾਡਾ ਬੱਚਾ ਇਸ ਯੋਜਨਾ ਲਈ ਯੋਗ ਹੋ ਸਕਦਾ ਹੈ ਜੇਕਰ ਤੁਹਾਡੇ ਪਰਿਵਾਰ ਦੀ ਕੁੱਲ ਸਾਲਾਨਾ ਆਮਦਨ (ਟੈਕਸਾਂ ਤੋਂ ਪਹਿਲਾਂ ਦੀ ਆਮਦਨ) ਨਿਮਨਲਿਖਤ ਤੋਂ ਘੱਟ ਹੈ:**

| ਪਰਿਵਾਰਕ ਆਮਦਨ | ਪਰਿਵਾਰ ਅਕਾਰ |
|---|---|
| $39,128 | (2) |
| $49,303 | (3) |
| $59,478 | (4) |
| $69,653 | (5) |
| $79,828 | (6) |

## SUN BUCKS ਕਿੰਝ ਕੰਮ ਕਰਦਾ ਹੈ?

- ਹਰੇਕ ਯੋਗ ਬੱਚੇ ਲਈ ਤੁਹਾਨੂੰ ਤੁਹਾਡੇ ਘਰ ਜਾਂ ਨਿਰਧਾਰਤ ਡਾਕ ਪਤੇ 'ਤੇ ਇੱਕ ਨਵਾਂ SUN Bucks ਕਾਰਡ ਮਿਲੇਗਾ।
- ਆਪਣੇ-ਆਪ ਦਾਖਲ ਹੋਏ ਬੱਚਿਆਂ ਲਈ ਕਾਰਜ ਜੂਨ ਅਤੇ ਅਗਸਤ ਵਿੱਚ ਡਾਕ ਕੀਤੇ ਜਾਣਗੇ। ਯੋਗ ਬੱਚੇ ਜਿਨ੍ਹਾਂ ਨੇ SUN Bucks ਲਈ ਅਪਲਾਈ ਕੀਤਾ ਹੈ, ਨੂੰ ਸਤੰਬਰ ਵਿੱਚ ਕਾਰਡ ਡਾਕ ਕੀਤੇ ਜਾਣਗੇ।
- ਹੈਲਪਲਾਈਨ ਨੂੰ ਸੰਪਰਕ ਕਰਕੇ ਜਾਂ ebtEDGE ਐਪ ਦੀ ਵਰਤੋਂ ਕਰਕੇ ਤੁਸੀਂ ਆਪਣੇ ਕਾਰਡ 'ਤੇ ਪਿੰਨ ਲਗਾ ਸਕਦੇ ਹੋ।
- SUN Bucks ਕਾਰਡ ਇੱਕ ਡੈਬਿਟ ਕਾਰਡ ਦੀ ਤਰ੍ਹਾਂ ਕੰਮ ਕਰੇਗਾ। ਤੁਸੀਂ ਗ੍ਰੋਸਰੀ ਸਟੋਰਾਂ, ਫਾਰਮਰ ਮਾਰਕਿਟਾਂ ਅਤੇ ਹੋਰ ਸਟੋਰਾਂ ਜਿੱਥੇ CalFresh ਲਾਭ ਸਵੀਕਾਰ ਕੀਤੇ ਜਾਂਦੇ ਹਨ 'ਤੇ ਭੋਜਨ (ਸਿਵਾਏ ਪਹਿਲਾਂ ਤਿਆਰ/ਗਰਮ ਭੋਜਨ) ਪ੍ਰਾਪਤ ਕਰਨ ਲਈ SUN Bucks ਦੀ ਵਰਤੋਂ ਕਰ ਸਕਦੇ ਹੋ।
- ਲਾਭਾਂ ਦੇ ਲੋਡ ਹੋਣ ਦੇ 122 ਦਿਨਾਂ ਦੇ ਵਿੱਚ SUN Bucks ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।
- ਸਹਾਇਤਾ ਲਈ, ਰਾਜਪੱਧਰੀ SUN Bucks ਹੈਲਪਲਾਈਨ ਨੂੰ (877) 328-9677 'ਤੇ ਕਾਲ ਕਰੋ, CDSS ਵੈੱਬਸਾਈਟ 'ਤੇ ਜਾਉ: cdss.ca.gov/sun-bucks, ਜਾਂ ਕੈਲੀਫੋਰਨੀਆ ਐਸੋਸੀਏਸ਼ਨ ਆਫ ਫੂਡ ਬੈਂਕਸ ਦੀ ਵੈੱਬਸਾਈਟ 'ਤੇ ਜਾਉ website: cafoodbanks.org/sun-bucks